# ਖ਼ੁਲਾਸਾ ਖ਼ੁਤਬਾ ਜੁਮਆ 19.09.2014

**ਵੱਲੋਂ : ਨਜ਼ਰਤ ਨਸ਼ੱਰੋ ਇਸ਼ਾਅਤ ਕਾਦੀਆਂ**

**ਅੱਜ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਗ਼ੁਲਾਮ ਦੇ ਗ਼ੁਲਾਮਾਂ ਦਾ ਇਹ ਫ਼ਰਜ਼ ਹੈ ਕਿ ਈਮਾਨ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦੇ ਨਾਲ ਚੰਗੇ ਅਮਲਾਂ ਦੇ ਉਹ ਸੁੰਦਰ ਪੱਤੇ, ਟਾਹਣੀਆਂ ਅਤੇ ਫਲ ਬਨਣ ਜੋ ਇਸਲਾਮ ਦੀ ਸੁੰਦਰਤਾ ਵੱਲ ਦੁਨੀਆਂ ਨੂੰ ਆਕ੍ਰਸ਼ਤ ਕਰਨ ਵਾਲੀ ਹੋਵੇ, ਜੋ ਦੁਨੀਆ ਨੂੰ ਫ਼ੈਜ਼ ਪਹੁੰਚਾਉਣ ਵਾਲੀ ਹੋਵੇ ।**

**ਹਜ਼ਰਤ ਅਮੀਰੁਲ ਮੋਮਿਨੀਨ ਖਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 19.09.2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮਊਦ ਅਲੈਅਹਿ ਸਲਾਮ ਇਕ ਥਾਂ ਫ਼ਰਮਾਉਂਦੇਂ ਹਨ ਕਿ ਕੁਰਆਨ ਕਰੀਮ ਵਿੱਚ ਅਲਾਹ ਤਆਲਾ ਨੇ ਈਮਾਨ (ਆਸਥਾ) ਦੇ ਨਾਲ ਸ਼ੁਭ ਕਰਮ ਵੀ ਰੱਖੇ ਹਨ ਸ਼ੁਭ ਕਰਮ ਉਸ ਨੂੰ ਕਹਿੰਦੇ ਹਨ ਜਿਸ ਵਿੱਚ ਇਕ ਰੱਤੀ ਵੀ ਖਰਾਬੀ ਨ ਹੋਵੇ । ਚੇਤੇ ਰੱਖੋ ਮਨੁੱਖ ਦੇ ਕਰਮਾ'ਤੇ ਸਦਾ ਚੋਰ ਪੈਂਦੇ ਹਨ, ਉਹ ਕੀ ਹਨ ਰਿਆਕਾਰੀ ਅਰਥਾਤ ਦਿਖਾਵਾ, ਜੱਦ ਮਨੁੱਖ ਦਿਖਾਵੇ ਲਈ ਇਕ ਕਰਮ ਕਰਦਾ ਹੈ, ਅਜੀਬ ਗੱਲ ਇਹ ਹੈ ਕਿ ਉਹ ਕਰਮ ਕਰਕੇ ਆਪਣੇ ਮਨ ਵਿੱਚ ਖ਼ੁਸ਼ ਹੁੰਦਾ ਹੈ ਅਰਥਾਤ ਇਹੋ ਜਿਹੀ ਖ਼ੁਸ਼ੀ ਜੋ ਖ਼ੁਦਪਸੰਦੀ ਦੀ ਹੋਵੇ । ਅਤੇ ਫ਼ਰਮਾਇਆ ਕਿ ਵੱਖ ਵੱਖ ਕੁਕਰਮ ਅਤੇ ਪਾਪ ਜੋ ਉਸ ਤੋਂ ਵਾਪਰਦੇ ਹਨ ਉਹਨਾ ਕਰਕੇ ਉਸ ਦੇ ਉਹ ਕਰਮ ਝੂਠੇ ਹੋ ਜਾਂਦੇ ਹਨ । ਆਪ ਨੇ ਫ਼ਰਮਾਇਆ ਪੂਰਨ ਨਿਸ਼ਚੇ ਅਤੇ ਪੱਕੇ ਪ੍ਰਣ ਨਾਲ ਕਰਮਾ ਵੱਲ ਆਕ੍ਰਸ਼ਤ ਹੋਣਾ ਚਾਹੀਦਾ ਹੈ । ਪੱਕਾ ਤੇ ਮਜ਼ਬੂਤ ਪ੍ਰਣ ਕਰੋ । ਆਪ ਨੇ ਈਮਨ ਨੂੰ ਇਕ ਰੁੱਖ ਸਮਾਨ ਦੱਸਦਿਆਂ ਹੋਇਆਂ ਕਿਹਾ ਕਿ ਈਮਾਨ ਇਕ ਰੁੱਖ ਵਾਂਗ ਹੈ ਅਤੇ ਚੰਗੇ ਤੋਂ ਚੰਗੇ ਰੁੱਖ ਨੂੰ ਵੀ ਲਾਹੇਵੰਦ ਬਨਾਉਣ ਲਈ ਉਸ ਦਾ ਧਿਆਨ ਰੱਖਣਾ ਪੈਂਦਾ ਹੈ ਤਾਂ ਹੀ ਉਹ ਰੁੱਖ ਲਾਹੇਵੰਦ ਹੁੰਦਾ ਹੈ ਤਾਂ ਹੀ ਜੀਉਂਦਾ ਰਹਿੰਦਾ ਹੈ ਜੱਦ ਉਸਦਾ ਖ਼ਿਆਲ ਰੱਖਿਆ ਜਾਵੇ, ਉਸ ਵੱਲ ਧਿਆਨ ਦੇਣਾ ਪੈਂਦਾ ਹੈ । ਇਸੇ ਪ੍ਰਕਾਰ ਈਮਾਨ ਨੂੰ ਵੀ ਕਾਮਲ ਕਰਨ ਲਈ ਚੰਗੇ ਕਰਮਾ ਦੀ ਲੋੜ ਹੈ ਆਪਣੇ ਈਮਾਨ ਦੀ ਕਰਮਾ ਰਾਹੀਂ ਗ਼ੌਰ ਤੇ ਦੇਖਰੇਖ ਕਰਨ ਦੀ ਲੋੜ ਹੈ ਕਿਉਂਕਿ ਇਸ ਤੋਂ ਬਿਨਾ ਈਮਾਨ ਦੇ ਹੁੰਦਿਆਂ ਹੋਇਆਂ ਵੀ ਜਾਂ ਈਮਾਨ ਦਾ ਦਾਵਾ ਕਰਦਿਆਂ ਹੋਇਆਂ ਵੀ ਮਨੁੱਖ ਸਚੱਾ ਮੋਮਨ ਨਹੀਂ ਬਣ ਸਕਦਾ । ਬਿਨਾ ਕਰਮਾ ਦੇ ਮਨੁੱਖ ਅਜਿਹਾ ਰੁੱਖ ਹੈ ਜਿਸ ਦੀਆਂ ਹਰੀਆਂ ਭਰੀਆਂ ਟਾਹਣੀਆਂ ਵੱਡ ਕੇ ਉਸਨੂੰ ਕੁਰੂਪ ਬਣਾ ਦਿੱਤਾ ਗਿਆ ਹੋਵੇ, ਜਿਸ ਦੇ ਫ਼ਲਾਂ ਨੂੰ ਨਸ਼ਟ ਕਰ ਦਿੱਤਾ ਗਿਆ ਹੋਵੇ, ਜਿਸ ਦੀ ਢੰਡੀ ਛਾਂ ਤੋਂ ਰੱਬ ਦੀ ਮਖ਼ਲੂਕ ਨੂੰ ਵਾਂਜਿਆਂ ਕਰ ਦਿਤੱਾ ਗਿਆ ਹੋਵੇ । ਅਜਿਹੇ ਛਾਂ ਦੇਣ ਤੋਂ ਵਾਂਜੇ ਅਤੇ ਕਿਸੇ ਵੀ ਲਾਭ ਦੇਣ ਤੋਂ ਸੱਖਣੇ ਰੁੱਖ ਵੱਲ ਕੋਈ ਵੀ ਨਹੀਂ ਦੇਖੇਗਾ, ਕਿਸੇ ਦਾ ਧਿਆਨ ਵੀ ਨਹੀਂ ਹੋਵੇਗਾ ।

ਹਰ ਇਕ ਨਜ਼ਰ ਉਸ ਸੁੰਦਰ ਪੌਦੇ ਤੇ ਰੁੱਖ ਨੂੰ ਦੇਖੇ ਗੀ ਅਤੇ ਉਸ ਵੱਲ ਆਕ੍ਰਸ਼ਤ ਹੋਵੇਗੀ ਜੋ ਹਰਿਆ ਭਰਿਆ ਹੋਵੇ ਜਿਸ ਦੀ ਸੁੰਦਰਤਾ ਦਿਖਾਈ ਦਿੰਦੀ ਹੋਵੇ । ਜੋ ਰੁੱਖ ਆਪਣੇ ਸਮੇਂ'ਤੇ ਫ਼ੁੱਲਾਂ ਤੇ ਫਲਾਂ ਨਾਲ ਲੱਦ ਜਾਵੇ, ਜੋ ਗਰਮੀ ਵਿੱਚ ਢੰਡੀ ਛਾਂ ਦੇਣ ਵਾਲਾ ਹੋਵੇ । ਉਸੇ ਨੂੰ ਲੋਕ ਪਸੰਦ ਕਰਨਗੇ ।

ਬੇਸ਼ਕ ਈਮਾਨ ਜੜ੍ਹ ਵਾਂਗ ਹੈ, ਬੇਸ਼ਕ ਇਕ ਮੁਸਲਮਾਨ ਦਾਵਾ ਕਰਦਾ ਹੈ ਕਿ ਮੇਰਾ ਈਮਨ ਪੱਕਾ ਹੈ, ਇਸ ਦਾ ਪ੍ਰਗਟਾਵਾ ਅਸੀਂ ਅਧਿਕਤਰ ਮੁਸਲਮਾਨਾ ਵਿੱਚ ਦੇਖਦੇ ਹਾਂ, ਧਰਮ ਦੀ ਗ਼ੈਰਤ ਵੀ ਰੱਖਦੇ ਹਨ, ਇਸਲਾਮ ਦੇ ਨਾਂ'ਤੇ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਹਨ ਪਰ ਕੀ ਇਹ ਉਸ ਸੁੰਦਰ ਤੇ ਲਾਹੇਵੰਦ ਰੁੱਖ ਜਾਂ ਉਸ ਬਾਗ ਵਾਂਗ ਹਨ ਜੋ ਦੁਨੀਆ ਨੂੰ ਲਾਭ ਦੇ ਰਿਹਾ ਹੋਵੇ ? ਲੋਕ ਉਸ ਦੀ ਸੁੰਦਰਤਾ ਦੇਖਕੇ ਉਸ ਵੱਲ ਖਿੱਚੇ ਆਉਂਦੇ ਹੋਣ । ਉਹ ਧਰਮ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਲੈਕੇ ਆਏ ਸਨ, ਉਸ ਨੇ ਤਾਂ ਵੈਰੀਆਂ ਨੂੰ ਵੀ ਆਪਣੀ ਵੱਲ ਖਿੱਚ ਕੇ ਨ ਕੇਵਲ ਮਿਤੱਰ ਬਣਾ ਲਿਆ ਸੀ ਸਗੋਂ ਅਤਿਅੰਤ ਸਨੇਹ ਵਿੱਚ ਗ੍ਰਿਸ ਲਿਆ ਸੀ । ਉਹਨਾਂ ਮੁਸਲਮਾਨਾਂ ਦੀ ਇਹ ਕਦਰ ਇਸ ਲਈ ਸੀ ਕਿ ਉਹਨਾਂ ਦੇ ਈਮਾਨ (ਆਸਥਾ) ਦੇ ਨਾਲ ਉਹਨਾ ਦਾ ਹਰ ਕਰਮ ਫ਼ੈਜ਼ ਪਹੁੰਚਾਉਣ ਵਾਲਾ ਸੀ । ਸੋ, ਨਿਰੇ ਈਮਾਨ ਦੇ ਦਾਵੇ, ਦਿਖਾਵੇ ਤੇ ਉਸ ਦੀ ਜੜ੍ਹ ਦੀ ਮਜ਼ਬੂਤੀ ਦਾ ਐਲਾਨ ਕਿਸੇ ਕੰਮ ਦਾ ਨਹੀਂ, ਜੱਦ ਤੱਕ ਸ਼ੁਭ ਕਰਮਾ ਦੀਆਂ ਹਰੀਆਂ ਭਰੀਆਂ ਟਾਹਣੀਆਂ ਅਤੇ ਫੁੱਲ ਫਲ ਆਪਣੀ ਸੁੰਦਰਤਾ ਨ ਦਿਖਾ ਰਹੇ ਹੋਣ ਅਤੇ ਫ਼ੈਜ਼ ਨ ਪਹੁੰਚਾ ਰਹੇ ਹੋਣ । ਜੱਦ ਇਹ ਸੁੰਦਰਤਾ ਅਤੇ ਫ਼ੈਜ਼ ਪਹੁੰਚ ਰਿਹਾ ਹੋਵੇ ਤਾਂ ਫਿਰ ਦੁਨੀਆ ਵੀ ਆਕ੍ਰਸ਼ਤ ਹੁੰਦੀ ਹੈ ਅਤੇ ਉਸ ਦੇ ਦੁਆਲੇ ਇਕਤੱਰ ਹੁੰਦੀ ਹੈ ਅਤੇ ਉਹਨਾ ਦੀ ਸੁਰੱਖਿਆ ਲਈ ਵੀ ਜਤਨ ਕਰਦੀ ਹੈ । ਇਸ ਲਈ ਅਲੱਾਹ ਤਆਲਾ ਨੇ ਹਰ ਮੁਸਲਮਾਨ ਨੂੰ ਕੇਵਲ ਈਮਾਨ ਵਿੱਚ ਪੱਕਿਆਈ ਲਈ ਨਹੀਂ ਕਿਹਾ ਸਗੋਂ ਹਰ ਥਾਂ ਜਿੱਥੇ ਈਮਾਨ ਦਾ ਵਰਨਣ ਹੋਇਆ ਹੈ ਈਮਾਨ ਨੂੰ ਸ਼ੁਭ ਕਰਮਾ ਦੀ ਸ਼ਰਤ ਸਹਿਤ ਦੱਸਿਆ ਹੈ । ਅਤੇ ਇਹ ਹਾਲਤ ਪੈਦਾ ਕਰਨ ਲਈ ਰੱਬ ਨਬੀ ਵੀ ਭੇਜਦਾ ਹੈ । ਇਹ ਅਵਸਥਾ ਮੋਮਿਨਾ ਵਿੱਚ ਉਸ ਸਮੇਂ ਪੈਦਾ ਹੁੰਦੀ ਹੈ ਜੱਦ ਜ਼ਮਾਨੇ ਦੇ ਨਬੀ ਨਾਲ ਵੀ ਸੰਬੰਧ ਹੋਵੇ । ਉਹ ਧਰਮ ਜਿਸ ਨੇ ਗ਼ੈਰ ਮੁਸਲਮਾਨਾ ਦੇ ਸਨੇਹ ਨੂੰ ਵੀ ਸਮੇਟਿਆ ਅਤੇ ਮੁਸਲਮਾਨ ਹੁਕੂਮਤਾਂ ਦੀ ਸੁਰੱਖਿਆ ਲਈ ਗ਼ੈਰਮੁਸਲਿਮ ਵੀ ਮੁਸਲਮਾਨਾ ਵੱਲੋਂ ਲੜਨ ਲਈ ਤਿਆਰ ਹੋ ਗਏ । ਇਸ ਸਮੇਂ ਇਹ ਅਵਸਥਾ ਹੈ ਕਿ ਗ਼ੈਰਾਂ ਨੂੰ ਤਾਂ ਕੀ ਆਪਣੇ ਵੱਲ ਖਿਚੱਣਾ ਖ਼ੁੱਦ ਮੁਸਲਮਾਨਾਂ ਦੀ ਆਪੋ ਵਿੱਚ ਇਹ ਅਵਸਥਾ ਹੈ ਕਿ ਸ਼ੁਭ ਕਰਮਾ ਦੀ ਘਾਟ ਕਰਕੇ ਕੁਲੂਬੁਹੁਮ ਸ਼ਤੱਾ (قُلُوۡبُهُمۡ شَتّٰى) ਦਾ ਦ੍ਰਿਸ਼ ਪੇਸ਼ ਕਰ ਰਿਹਾ ਹੈ । ਉਹਨਾਂ ਦੇ ਦਿਲ ਫਟੇ ਹੋਏ ਹਨ । ਅੱਜ ਇਹਨਾ ਸ਼ੁਭ ਕਰਮਾ ਦਾ ਚਿਤੱਰ ਪੇਸ਼ ਕਰਨਾ ਹਰ ਅਹਮਦੀ ਦਾ ਫ਼ਰਜ਼ ਹੈ, ਜਿਸ ਨੇ ਜ਼ਮਾਨੇ ਦੇ ਇਮਾਮ ਤੇ ਨਬੀ ਨੂੰ ਮੰਨ੍ਹਿਆ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਜਮਾਤ ਹੀ ਉਹ ਰੱਬ ਦਾ ਲਾਇਆ ਹੋਇਆ ਰੁੱਖ ਹੈ ਜਿਸ ਦੀਆਂ ਜੜ੍ਹਾਂ ਪੱਕੀਆਂ ਹਨ ਟਾਹਣੀਆਂ ਵੀ ਹਰੀਆਂ ਭਰੀਆਂ ਤੇ ਫੁੱਲ ਫਲਦਾਰ ਹਨ, ਜੋ ਦੁਨੀਆ ਨੂੰ ਆਪਣੀ ਵੱਲ ਆਕ੍ਰਸ਼ਤ ਕਰਦਾ ਹੈ । ਇਹ ਸਭ ਕੁਝ ਇਸ ਲਈ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਸਾਨੂੰ ਵਾਸਤਵਿਕ ਇਸਲਾਮ ਦੀ ਸਿੱਖਿਆ ਦੀ ਜਾਨਕਾਰੀ ਦਿੱਤੀ । ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਪਦਚਿੰਨ੍ਹਾ ਉਪੱਰ ਚਲੱਣ ਦਾ ਪ੍ਰਲੋਭਨ ਦਿਤੱਾ ਅਤੇ ਉਤਸਾਹਤ ਕੀਤਾ, ਉਸ ਦੀ ਮਹਤੱਾ ਸਪਸ਼ਟ ਕੀਤੀ । ਅਫ਼ਰੀਕਾ ਵਿੱਚ ਇਕ ਮਸਜਿਦ ਦਾ ਉਦਘਾਟਨ ਹੋ ਰਿਹਾ ਸੀ, ਓਥੋਂ ਦੇ ਚੀਫ਼ ਈਸਾਈ ਸਨ ਉਹਨਾਂ ਨੂੰ ਵੀ ਨਿਮੰਤਰਣ ਦਿੱਤਾ, ਉਹ ਵੀ ਸ਼ਾਮਲ ਹੋਏ, ਉਹ ਕਹਿਣ ਲੱਗੇ ਮੈਂ ਤੁਹਾਡੇ ਸਨੇਹ ਕਰਕੇ ਨਹੀਂ ਆਇਆ, ਮੈਂ ਤਾਂ ਕੇਵਲ ਇਹ ਦੇਖਣ ਆਇਆ ਸੀ ਕਿ ਇਸ ਯੁੱਗ ਦੇ ਕਿਹੜੇ ਮੁਸਲਮਾਨ ਹਨ ਜਿੰਨ੍ਹਾ ਨੇ ਆਪਣੀ ਮਸਜਿਦ ਦੇ ਉਦਘਾਟਨ'ਤੇ ਇਕ ਗ਼ੈਰ ਮੁਸਲਿਮ ਵ ਈਸਾਈ ਨੂੰ ਵੀ ਬੁਲਾਲਇਆ ਹੈ । ਏਥੇ ਆਕੇ ਮੈਂਨੂੰ ਇਹ ਦੇਖਕੇ ਹੋਰ ਵੀ ਹੈਰਾਨੀ ਹੋਈ ਕਿ ਏਧਰ ਤਾਂ ਵੱਖ ਵੱਖ ਧਰਮਾ ਦੇ ਲੋਕ ਇਕਤੱਰ ਹਨ ਅਤੇ ਅਹਮਦੀ ਆਪ ਵੀ ਮੁਸਮਲਮਾਨ ਹੁੰਦਿਆਂ ਹੋਇਆਂ ਅਜਿਹੇ ਉੱਚ ਆਚਰਣ ਦਾ ਪ੍ਰਗਟਾਵਾ ਕਰ ਰਹੇ ਹਨ ਜਿਸਦੀ ਉਧਾਰਣ ਨਹੀਂ ਮਿਲਦੀ । ਸੋ, ਅਜਿਹੇ ਰੁੱਖ ਹੁੰਦੇ ਹਨ, ਜਿੰਨ੍ਹਾ ਬਾਰੇ ਕੁਰਆਨ ਕਰੀਮ ਨੇ ਫ਼ਰਮਾਇਆ ਹੈ ਕਿ ਉਹਨਾਂ ਦੀਆਂ ਜੜ੍ਹਾਂ ਵੀ ਧਰਤੀ ਵਿੱਚ ਪੱਕੀਆਂ ਹੁੰਦੀਆਂ ਹਨ ਅਤੇ ਈਮਾਨ ਤੇ ਸ਼ੁਭ ਕਰਮਾ ਕਰਕੇ ਮਨੁੱਖਾਂ ਨੂੰ ਰੁੱਖਾਂ ਨਾਲ ਤੁਲਨਾ ਦਿੱਤੀ ਜਾਵੇ ਤਾਂ ਉਹਨਾਂ ਦੀਆਂ ਹਰੀਆਂ ਭਰੀਆਂ ਟਾਹਣੀਆਂ ਵੀ ਆਕਾਸ਼ਾਂ ਦੀਆਂ ਬੁਲੰਦੀਆਂ ਨੂੰ ਛੂਹ ਰਹੀਆਂ ਹੁੰਦੀਆਂ ਹਨ । ਸੋ, ਜਿਵੇਂ ਕਿ ਮੈਂ ਕਿਹਾ ਕਿ ਜ਼ਮਾਨੇ ਦੇ ਇਮਾਮ ਕਰਕੇ ਹਰ ਅਹਮਦੀ ਦਾ ਫ਼ਰਜ਼ ਹੈ ਕਿ ਈਮਾਨ ਦੀ ਮਜ਼ਬੂਤੀ ਦੇ ਨਾਲ ਨਾਲ ਹਰੀ ਭਰੀ ਟਾਹਣੀ ਬਣ ਜਾਵੇ । ਹਰੀਆਂ ਭਰੀਆਂ ਟਾਹਣੀਆਂ ਦੇ ਸੁੰਦਰ ਪੱਤੇ ਬਣ ਜਾਣ,

ਉਹਨਾਂ'ਤੇ ਲਗੱਣ ਵਾਲੇ ਫੁੱਲ ਤੇ ਫਲ ਬਣ ਜਾਣ ਜੋ ਦੁਨੀਆ ਨੂੰ ਨ ਕੇਵਲ ਸੁੰਦਰ ਦਿਖਾਈ ਦੇਣ ਸਗੋਂ ਫ਼ੈਜ਼ ਪਹੁੰਚਾਉਣ ਵਾਲੇ ਵੀ ਹੋਣ । ਹਰ ਪ੍ਰਕਾਰ ਦੇ ਉਪਦੱਰਾਂ, ਝਗੜਿਆਂ ਤੇ ਚੁਗਲੀ ਕਰਨ ਦੀਆਂ ਆਦਤਾਂ, ਦੂਜਿਆਂ ਨੂੰ ਨੀਵਾਂ ਕਰਨਾ, ਰਹਿਮ ਤੋਂ ਸਖੱਣੇ, ਉਪਕਾਰ ਕਰਕੇ ਜਤਾਉਣ ਵਾਲੇ ਲੋਕਾਂ ਵਿੱਚ ਸ਼ਮਾਲ ਨ ਹੋਣ । ਸਗੋਂ ਇਹਨਾਂ ਚੀਜਾਂ ਤੋਂ ਬਚਣ ਵਾਲੇ ਹੋਣ । ਆਲਾ ਆਚਰਣ ਦਾ ਪ੍ਰਗਟਾਵਾ ਕਰਨ ਵਾਲੇ ਹੋਣ । ਕੁਰਆਨ ਕਰੀਮ ਵਾਰ ਵਾਰ ਸਾਨੂੰ ਉੱਚੇ ਆਚਣ ਅਪਨਾਉਣ ਅਤੇ ਚੰਗੇ ਕਰਮ ਕਰਨ ਦੇ ਆਦੇਸ਼ ਦਿੰਦਾ ਹੈ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ ਕਿ "ਯਾ ਅਯੁੱਹਲੱਜ਼ੀਨਾ ਆਮਾਨੂ ਲਾ ਤੁਬਤਿਲੂ ਸਦਾਕਾਤਿਕੁਮ ਬਿਲ ਮੱਨਿ ਵਲ ਆਜ਼ਾ (يَآيُّهَا الَّذِيْنَ اٰمَنُوْا لَا تُبْطِلُوْا صَدَقٰتِكُمْ بِالْمَنِّ وَالْاَذٰى) ਕਿ ਹੇ, ਲੋਕ ! ਜੋ ਈਮਾਨ ਲਿਆਏ ਹੋ ਆਪਣੇ ਸਦਕਿਆਂ (ਦਾਨ ਦੱਖਿਣਾ) ਨੂੰ ਉਪਕਾਰ ਜਤਾ ਕੇ ਜਾਂ ਦੁੱਖ ਪਹੁੰਚਾ ਕੇ ਨਸ਼ਟ ਨ ਕਰਿਆ ਕਰੋ ਕਿਉਂਕਿ ਇਹ ਹਰਕਤਾਂ ਉਹ ਕਰਦੇ ਹਨ ਜਾਂ ਉਹ ਲੋਕ ਕਰਦੇ ਹਨ ਜੋ ਅਲੱਾਹ ਅਤੇ ਆਖ਼ਰਤ ਦੇ ਦਿਨ ਉਪੱਰ ਈਮਾਨ ਨਹੀਂ ਲਿਆਉਂਦੇ, ਜਿੰਨ੍ਹਾ ਦੇ ਈਮਾਨ ਕਮਜ਼ੋਰ ਹਨ । ਨ ਕੇਵਲ ਕਮਜ਼ੋਰ ਹਨ ਸਗੋਂ ਈਮਾਨ ਤੋਂ ਸਖੱਣੇ ਹਨ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਵਾਰ ਵਾਰ ਅਨੇਕਾਂ ਥਾਈਂ ਉਧਾਰਣਾ ਸਹਿਤ ਇਕ ਮੋਮਨ ਨੂੰ ਆਦੇਸ਼ ਦਿੱਤਾ ਹੈ ਕਿ ਈਮਾਨ ਦੇ ਨਾਲ ਨਾਲ ਸ਼ੁਭ ਕਰਮ ਵੀ ਜ਼ਰੂਰੀ ਹੈ । ਇਸ ਦੇ ਵੱਖ ਵੱਖ ਲਾਭ ਹਨ । ਇਸ ਲਈ ਜਿੱਥੇ ਸ਼ੁਭ ਕਰਮਾ ਦੇ ਨਾਲ ਇਕ ਮੋਮਨ ਦੂਜਿਆਂ ਲਈ ਲਾਹੇਵੰਦ ਹੋਵੇ ਓਥੇ ਉਹ ਆਪ ਵੀ ਮਿੱਠੇ ਫਲ ਖਾ ਰਿਹਾ ਹੁੰਦਾ ਹੈ । ਉਧਾਰਣ ਲਈ ਈਮਾਨ ਲਿਆਉਣ ਵਾਲੇ ਅਤੇ ਸ਼ੁਭ ਕਰਮ ਕਰਨ ਵਾਲੇ ਜਿੰਨ੍ਹਾ ਬਾਰੇ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਇਹ ਲੋਕ ਰੱਬ ਦੀ ਬਖ਼ਸ਼ਿਸ਼ ਪਾਉਣ ਵਾਲੇ ਹੋਣਗੇ, ਇਹ ਲੋਕ ਉਹ ਹੋਣਗੇ ਜੋ ਸਵਰਗਾਂ ਵਿੱਚ ਬੁਲੰਦ ਮਰਤਬੇ ਪਾਉਣਗੇ । ਕੁਰਆਨ ਕਰੀਮ ਵਿੱਚ ਇਕ ਥਾਂ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ "ਇਨੱਲੱਜ਼ੀਨਾ ਆਮਾਨੂ ਵ ਅਮਿਲੁਸੱਾਲਿਹਾਤਿ ਸਯਜਅਲੁਹੁਮੁਰ ਰਹਮਾਨੁ ਵੁਦੱਾ" ( اِنَّ الَّذِيْنَ اٰمَنُوْا وَعَمِلُوا الصّٰلِحٰتِ سَيَجْعَلُ لَهُمُ الرَّحْمٰنُ وُدًّا ﴿٩٦﴾) ਅਰਥਾਤ ਅਵਸ਼ ਉਹ ਲੋਕ ਜੋ ਈਮਾਨ ਲਿਆਉਂਦੇ ਹਨ ਅਤੇ ਜਿੰਨ੍ਹਾ ਨੇ ਸ਼ੁਭ ਕਰਮ ਕੀਤੇ ਹਨ ਖ਼ੁਦਾਏ ਰਹਮਾਨ ਉਹਨਾਂ ਲਈ 'ਵੁੱਦ' ਤਿਆਰ ਕਰੇਗਾ । 'ਵੁੱਦ' ਦੇ ਅਰਥ ਹਨ ਨਿਘੱਾ ਪਿਆਰ ਤੇ ਸੰਬੰਧ, ਓਪਰਿਆਂ ਵਾਂਗ ਸਨੇਹ ਤੇ ਪਿਆਰ ਨਹੀਂ, ਨਿਘੱਾ ਤੇ ਡੂੰਘਾ ਪਿਆਰ ਤੇ ਸੰਬੰਧ ਅਜਿਹਾ ਪੱਕਾ ਸੰਬੰਧ ਜੋ ਕਦੇ ਟੁੱਟ ਨ ਸਕੇ ਸਗੋਂ ਅਜਿਹਾ ਡੂੰਘਾ ਸੰਬੰਧ ਜਿਵੇਂ ਕਿੱਲਾ ਧਰਤੀ ਵਿੱਚ ਗੱਡ ਦਿੱਤਾ ਜਾਂਦਾ ਹੈ ਠੋਸ ਹੋ ਜਾਂਦਾ ਹੈ । ਇਸੇ ਪ੍ਰਕਾਰ ਉਹ ਗੱਢ ਦਿੱਤਾ ਜਾਵੇਗਾ । ਇਸ ਪ੍ਰਕਾਰ ਇਹ ਪਿਆਰ ਦਿਲ ਵਿੱਚ ਗੱਡ ਦਿੱਤਾ ਜਾਵੇ । ਸੋ, ਇਸ ਆਇਤ ਦਾ ਇਹ ਅਰਥ ਹੋਵੇਗਾ ਕਿ ਜੋ ਪੱਕਾ ਈਮਾਨ ਤੇ ਸ਼ੁਭ ਕਰਮ ਕਰਨ ਵਾਲੇ ਹੋਣਗੇ ਅਲੱਾਹ ਤਆਲਾ ਅਜਿਹੇ ਮੋਮਿਨਾ ਦੇ ਦਿਲ ਵਿੱਚ ਆਪਣੀ ਮੁਹਬੱਤ ਕਿੱਲੇ ਵਾਂਗ ਗੱਡ ਦੇਵੇਗਾ । ਇਸ ਪ੍ਰਕਾਰ ਰੱਬ ਨਾਲ ਸਨੇਹ ਕਰਨ ਵਾਲੇ ਹੋਣਗੇ ਅਤੇ ਫਿਰ ਉਹ ਈਮਾਨ ਤੇ ਤੇ ਸ਼ੁਭ ਕਰਮਾ ਵਿੱਚ ਅਗਾਂਹ ਵਧੱਦੇ ਜਾਣਗੇ । ਸੋ, ਇਕ ਸੱਚਾ ਮੋਮਿਨ ਕਦੇ ਇਹ ਸੋਚ ਵੀ ਨਹੀਂ ਸਕਦਾ ਕਿ ਉਹ ਕਿਸੇ ਦੂਜੇ ਮਨੁੱਖ ਨੂੰ ਕਸ਼ਟ ਪਹੁੰਚਾਏ ਮਾਨਵਤਾ ਨਾਲ ਸਨੇਹ ਦਾ ਤਕਾਦਾ ਇਹ ਹੈ ਕਿ ਇਕ ਸਚੱਾ ਮੋਮਿਨ ਉਸ ਨੂੰ ਸਦਾ ਫ਼ੈਜ਼ ਪਹੁੰਚਾਉਣ ਦੀ ਚਿੰਤਾ ਵਿੱਚ ਰਹੇ ਜਿਵੇਂ ਕਿ ਮੈਂ ਪਹਿਲਾਂ ਵੀ ਵਰਨਣ ਕਰ ਚੁੱਕਿਆ ਹਾਂ ਕਿ ਜੇਕਰ ਇਹ ਚੀਜ ਮੁਸਲਮਾਨਾਂ ਵਿੱਚ ਪੈਦਾ ਹੋ ਜਾਵੇ ਤਾਂ ਇਕ ਦੂਜੇ ਦੇ ਹੱਕ ਮਾਰਨੇ, ਜ਼ੁਲਮ ਕਰਨੇ, ਗ਼ੈਰਾਂ ਜਾਂ ਹੋਰਨਾ ਨੂੰ ਕਤਲ ਕਰਨ ਦੇ ਜੋ ਕਰਮ ਹਕੂਮਤਾਂ ਵਿੱਚ ਵੀ ਹਨ ਨਾਮ ਨਿਹਾਦ ਤਨਜ਼ੀਮਾਂ ਵਿੱਚ ਵੀ ਹਨ ਅਤੇ ਲੋਕਾਂ ਵਿੱਚ ਵੀ ਹਨ, ਆਮ ਦਿਖਾਈ ਦੇ ਰਹੇ ਹਨ, ਇਹ ਕਦੇ ਵੀ ਦਿਖਾਈ ਨ ਦੇਣ । ਰੱਬ ਦੀ ਦਿੱਤੀ ਸਿੱਖਿਆ ਉਪੱਰ ਅਮਲ ਹੀ ਨਹੀਂ ਹੋ ਰਿਹਾ । ਇਸ ਲਈ ਸਭ ਕੁਝ ਹੋ ਰਿਹਾ ਹੈ । ਪਰ ਇਹ ਜ਼ੁਲਮ ਹੈ ਕਿ ਇਹ ਸਭ ਕੁਝ ਰੱਬ ਦੇ ਨਾਂ'ਤੇ ਹੋ ਰਿਹਾ ਹੈ ਜੱਦ ਕਿ ਰੱਬ ਤਾਂ ਕਹਿੰਦਾ ਹੈ ਕਿ ਵੁੱਦ (ਸਨੇਹ), ਮੁਹਬੱਤ ਪੈਦਾ ਕਰੋ । ਅਜਿਹੀ ਮੁਹਬੱਤ, ਜੋ ਦਿਲਾਂ ਵਿੱਚ ਗਢੱਦੀ ਜਾਵੇ । ਅਜਿਹੇ ਬਣੋ ਜੋ ਕਿ ਦੂਜਿਆਂ ਨੂੰ ਫ਼ੈਜ਼ ਪਹੁੰਚਾਉਣ ਵਾਲੇ ਹੋਵੋ । ਸੋ, ਜੇਕਰ ਸੱਚੀ ਸਿੱਖਿਆ ਉਪੱਰ ਅਮਲ ਹੋਵੇ ਤਾਂ ਕਦੇ ਇਹ ਦੁੱਖ ਅਤੇ ਕਸ਼ਟ ਜੋ ਦਿੱਤੇ ਜਾ ਰਹੇ ਹਨ, ਇਕ ਦੂਜੇ ਨੂੰ ਨਜਰ ਹੀ ਨ ਆਉਣ । ਇਕ ਸੁੰਦਰ ਤੇ ਛਾਂਦਾਰ ਇਸਲਾਮ ਦੇ ਰੁੱਖ ਦਾ ਚਿਤੱਰ ਦੁਨੀਆ ਦੇ ਮਨ ਵਿੱਚ ਉਭਰੇ ।

ਫਿਰ ਇਸ ਆਇਤ ਦਾ ਇਹ ਅਰਥ ਵੀ ਹੋ ਸਕਦਾ ਹੈ ਕਿ ਮਨੁੱਖਾਂ ਦੇ ਦਿਲਾਂ ਵਿੱਚ ਮੁਸਲਮਾਨਾ ਦਾ ਸਨੇਹ ਕਿੱਲੇ ਵਾਂਗ ਗੱਢਿਆ ਜਾਵੇ । ਰੱਬ ਅਵਸ਼ ਹੀ ਕੁਦਰਤ ਰੱਖਦਾ ਹੈ ਕਿ ਅਜਿਹਾ ਕਰ ਦੇਵੇ ਪਰ ਉਸ ਨੇ ਇਕ ਗੱਲ ਦੀ ਪ੍ਰਪਤੀ ਲਈ ਈਮਾਨ ਦੇ ਨਾਲ ਨਾਲ ਸ਼ੁਭ ਕਰਮਾ ਦੀ ਸ਼ਰਤ ਲਾਈ ਹੈ । ਜਿਵੇਂ ਕਿ ਮੈਂ ਕਿਹਾ ਕਿ ਪਹਿਲੇ ਮੁਸਲਮਾਨਾ ਲਈ ਜੋ ਪਹਿਲਿਆਂ ਵਿੱਚੋਂ ਸਨ । ਇਹ ਸਨੇਹ ਹੀ ਸੀ ਉਹਨਾਂ ਲਈ ਲੋਕਾਂ ਦੇ ਦਿਲਾ ਵਿੱਚ, ਜੋ ਰੱਬ ਨੇ ਈਸਾਈਆਂ ਦੇ ਦਿਲ ਵਿੱਚ ਅਤੇ ਯਹੂਦੀਆਂ ਦੇ ਦਿਲ ਵਿੱਚ ਪੈਦਾ ਕੀਤੀ ਸੀ ਜੋ ਮੁਸਲਮਾਨਾਂ ਦੇ ਖੇਤਰ ਛਡੱਣ'ਤੇ ਰੋਂਦੇ ਸਨ, ਵਾਪਸ ਪਰਤਨ ਦੀਆਂ ਦੁਆਵਾਂ ਕਰਦੇ ਸਨ, ਸਗੋਂ ਇਤਿਹਾਸ ਇਹ ਵੀ ਦਸਦਾ ਹੈ ਕਿ ਯਹੂਦੀ ਕਹਿੰਦੇ ਸਨ ਕਿ ਅਸੀਂ ਜਾਨਾਂ ਵਾਰ ਦਿਆਂਗੇ ਪਰ ਈਸਾਈ ਲਸ਼ਕਰ ਨੂੰ ਸ਼ਹਿਰ ਵਿੱਚ ਦਾਖ਼ਲ ਨਹੀਂ ਹੋਣ ਦਿਆਂਗੇ । ਤੁਸੀਂ ਇੱਥੇ ਹੀ ਰਹੋ ਅਸੀਂ ਸੁਰੱਖਿਆ ਕਰਾਂਗੇ । ਸੋ, ਇਹ ਨੇਕ ਕਰਮਾ ਦਾ ਪ੍ਰਭਾਵ ਸੀ ਜੋ ਹਰ ਪਧੱਰ'ਤੇ ਮੁਸਲਮਾਨਾਂ ਤੋਂ ਪ੍ਰਕਟ ਹੁੰਦਾ ਸੀ । ਜਿਸ ਨੇ ਇਸ ਸੁੰਦਰ ਰੁੱਖ ਵਾਂਗ ਦੁਨੀਆ ਨੂੰ ਆਕ੍ਰਸ਼ਤ ਕੀਤਾ ਅਤੇ ਦੁਨੀਆ ਨੂੰ ਫ਼ੈਜ਼ ਪਹੁੰਚਾਇਆ ।

ਅੱਜ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਗ਼ੁਲਾਮ (ਦਾਸ) ਦੇ ਦਾਸਾਂ ਦਾ ਇਹ ਫ਼ਰਜ਼ ਹੈ ਕਿ ਈਮਾਨ ਦੀਆਂ ਜੜ੍ਹਾਂ ਨੂੰ ਪੱਕਿਆਂ ਕਰਨ ਦੇ ਨਾਲ ਸ਼ੁਭ ਕਰਮਾ ਦੇ ਉਹ ਸੁੰਦਰ ਪੱਤੇ, ਟਾਹਣੀਆਂ, ਫੁੱਲ ਅਤੇ ਫਲ ਬਨਣ ਜੋ ਇਸਲਾਮ ਦੀ ਸੁੰਦਰਤਾ ਵੱਲ ਦੁਨੀਆ ਨੂੰ ਖਿਚੱਣ ਵਾਲੀ ਹੋਵੇ ਜੋ ਦੁਨੀਆ ਨੂੰ ਲਾਭ ਪਹੁੰਚਾਉਣ ਵਾਲੀ ਹੋਵੇ । ਰੱਬ ਨਾਲ ਸਨੇਹ ਪੈਦਾ ਕਰਨ ਵਾਲੇ ਵੀ ਅਸੀਂ ਹੋਈਏ ਅਤੇ ਰੱਬ ਦਾ ਸਨੇਹ ਪ੍ਰਾਪਤ ਕਰਨ ਵਾਲੇ ਵੀ ਅਸੀਂ ਹੋਈਏ । ਮਾਨਵਤਾ ਨਾਲ ਸਨੇਹ ਵੀ ਸਾਡੀ ਪਹਿਲ ਹੋਵੇ ਅਤੇ ਮਾਨਵਤਾ ਨੂੰ ਆਕ੍ਰਸ਼ਤ ਕਰਨ ਵਾਲੇ ਵੀ ਅਸੀਂ ਹੋਈਏ ਕਿਉਂਕਿ ਇਸ ਤੋਂ ਬਿਨਾ ਅਸੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਦੇ ਮੰਤਵ ਨੂੰ ਪੂਰਾ ਕਰਨ ਵਾਲੇ ਨਹੀਂ ਬਣ ਸਕਦੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਕਈ ਵਾਰ ਆਪਣੀਆਂ ਵੱਖ ਵੱਖ ਲਿੱਖਤਾਂ ਵਿੱਚ, ਆਦੇਸ਼ਾਂ ਵਿੱਚ ਅਤੇ ਆਪਣੀਆਂ ਸਭਾਵਾਂ ਵਿੱਚ ਇਸ ਵੱਲ ਧਿਆਨ ਦੁਆਇਆ ਹੈ ਕਿ ਆਪਣੇ ਕਰਮਾ ਵੱਲ ਧਿਆਨ ਦਿਓ । ਅਜਿਹੇ ਕਰਮ ਕਰੋ ਜੋ ਸ਼ੁਭ ਹੋਣ ਰੱਬ ਦੀ ਰਜ਼ਾ ਅਨੁਸਾਰ ਹੋਣ ਜੋ ਦੁਨੀਆਂ ਨੂੰ ਕਸ਼ਟਾਂ ਤੋਂ ਬਚਾਉਣ ਵਾਲੇ ਹੋਣ । ਕੁਝ ਲਿੱਖਤਾਂ ਤੇ ਕਥਨ ਆਪ ਲੋਕਾਂ ਸਾਹਮਣੇ ਰੱਖਦਾ ਹਾਂ । ਆਪ ਨੇ ਇਕ ਮੌਕੇ'ਤੇ ਫ਼ਰਮਾਇਆ ਕਿ ਮੇਰੀ ਸਿੱਖਿਆ ਕੀ ਹੈ ਅਤੇ ਉਸ ਅਨੁਸਾਰ ਤੁਹਾਨੂੰ ਅਮਲ ਕਰਨਾ ਚਾਹੀਦਾ ਹੈ, ਫਰਮਾਉਂਦੇ ਹਨ, ਸਾਡੀ ਜਮਾਤ ਵਿੱਚ ਉਹੋ ਦਾਖ਼ਲ ਹੁੰਦਾ ਹੈ ਜੋ ਸਾਡੀ ਸਿੱਖਿਆ ਨੂੰ ਆਪਣੇ ਅਮਲਾਂ ਦਾ ਦਸਤੂਰ ਬਣਾਉਂਦਾ ਹੈ ਅਤੇ ਆਪਣੀ ਯੋਗਤਾ ਤੇ ਜਤਨਾ ਅਨੁਸਾਰ ਉਸ'ਤੇ ਅਮਲ ਕਰਦਾ ਹੈ । ਪਰ ਜੋ ਕੇਵਲ ਨਾਂ ਰੱਖ ਕੇ ਸਿੱਖਿਆ ਅਨੁਸਾਰ ਕਰਮ ਨਹੀਂ ਕਰਦਾ ਉਹ ਚੇਤੇ ਰੱਖੇ ਕਿ ਰੱਬ ਨੇ ਇਸ ਜਮਾਤ ਨੂੰ ਇਕ ਵਿਸੇਸ਼ ਜਮਾਤ ਬਨਾਉਣ ਦਾ ਨਿਸ਼ਚਾ ਕੀਤਾ ਹੋਇਆ ਹੈ ਅਤੇ ਕੋਈ ਮਨੁੱਖ ਜੋ ਵਾਸਤਵ ਵਿੱਚ ਜਮਾਤ ਵਿੱਚ ਨਹੀਂ ਹੈ ਕੇਵਲ, ਨਾਂ ਲਿਖਾਉਣ ਨਾਲ ਜਮਾਤ ਵਿੱਚ ਨਹੀਂ ਰਹਿ ਸਕਦਾ । ਉਸ'ਤੇ ਕੋਈ ਨ ਕੋਈ ਸਮਾਂ ਅਜਿਹਾ ਆ ਜਾਵੇਗਾ ਕਿ ਉਹ ਜਮਾਤ ਤੋਂ ਅੱਡ ਹੋ ਜਾਵੇਗਾ । ਇਸ ਲਈ ਜਿੱਥੋਂ ਤੱਕ ਹੋ ਸਕੇ ਆਪਣੇ ਅਮਲਾਂ ਨੂੰ ਇਸ ਸਿੱਖਿਆ ਅਨੁਸਾਰ ਕਰੋ ਜੋ ਦਿੱਤੀ ਜਾਂਦੀ ਹੈ ।

ਕਰਮ ਪਰਾਂ ਵਾਂਗ ਹਨ ਬਿਨਾਂ ਕਰਮਾ ਦੇ ਮਨੁੱਖ ਰੂਹਾਨੀ ਦਰਜਿਆਂ ਲਈ ਉਡਾਰੀ ਨਹੀਂ ਭਰ ਸਕਦਾ ਅਤੇ ਉਤੱਮ ਉਦੇਸ਼ਿਆਂ ਨੂੰ ਪ੍ਰਾਪਤ ਨਹੀਂ ਕਰ ਸਕਦਾ ਜੋ ਰੱਬ ਨੇ ਉਹਨਾਂ ਹੇਠ ਰੱਖੇ ਹਨ । ਹਰ ਮਨੁੱਖ ਨੂੰ ਚਾਹੀਦਾ ਕਿ ਰੱਬ ਦਾ ਖ਼ੌਫ਼ ਕਰੇ ਅਤੇ ਰੱਬ ਦਾ ਖ਼ੌਫ਼ ਉਸਨੂੰ ਅਨੇਕਾਂ ਹੀ ਨੇਕੀਆਂ ਦਾ ਵਾਰਸ ਬਣਾਏਗਾ । ਜੋ ਮਨੁੱਖ ਰੱਬ ਤੋਂ ਡਰਦਾ ਹੈ ਉਹੋ ਚੰਗਾ ਹੈ ਕਿਉਂਕਿ ਇਸ ਖ਼ੌਫ਼ ਦੇ ਸਬਬ ਉਸ ਨੂੰ ਦ੍ਰਿਸ਼ਟੀ ਮਿਲਦੀ ਹੈ ਜਿਸ ਰਾਹੀਂ ਉਹ ਪਾਪਾਂ ਤੋ ਬਚਦਾ ਹੈ । ਅਨੇਕਾਂ ਹੀ ਲੋਕ ਅਜਿਹੇ ਹੁੰਦੇ ਹਨ ਕਿ ਉਹ ਰੱਬ ਉਪਕਾਰਾਂ, ਪੁਰੁਸਕਾਰਾਂ ਤੇ ਮਿਹਰਾਂ ਉਪੱਰ ਗ਼ੌਰ ਕਰਕੇ ਸ਼ਰਮਿੰਦਿਆਂ ਹੋ ਜਾਂਦੇ ਹਨ ਅਤੇ ਉਸ ਦੀ ਅਵਗਿਆ ਤੇ ਵਿਰੋਧਤਾ ਤੋਂ ਬਚਦੇ ਹਨ, ਪਰ ਇਕ ਪ੍ਰਕਾਰ ਦੇ ਅਜਿਹੇ ਵੀ ਲੋਕ ਹਨ ਜੋ ਉਸ ਦੇ ਕਹਿਰ ਤੋਂ ਡਰਦੇ ਹਨ । ਅਸਲ ਵਿੱਚ ਗੱਲ ਇਹ ਹੈ ਕਿ ਚੰਗਾ ਤੇ ਨੇਕ ਤਾਂ ਉਹੋ ਹੈ ਜੋ ਰੱਬ ਦੀ ਪਰਖ ਤੋਂ ਚੰਗਾ ਨਿਕਲੇ । ਬਹੁਤ ਲੋਕ ਹਨ ਜੋ ਆਪਣੇ ਆਪ ਨੂੰ ਧੋਖਾ ਦਿੰਦੇ ਹਨ ਅਤੇ ਸਮਝ ਲੈਂਦੇ ਹਨ ਕਿ

ਮੁਤੱਕੀ (ਸੰਜਮਤਾ ਰੱਖਣ ਵਾਲੇ ਤੇ ਨੇਕ) ਪਰ ਅਸਲ ਵਿੱਚ ਮੁਤੱਕੀ ਉਹ ਹੈ ਜਿਸ ਦਾ ਨਾਂ ਰੱਬ ਦੇ ਘਰ ਵਿੱਚ ਮੁਤੱਕੀ ਹੋਵੇ। ਇਸ ਸਮੇਂ ਰੱਬ ਦੇ ਨਾਂ ਸਤੱਾਰ (ਪੜਦਾ ਢਕਣ ਵਾਲਾ) ਦਾ ਨੂਰ ਪਸਰਿਆ ਹੈ (ਅਰਥਾਤ ਇਸ ਦੁਨੀਆ ਰੱਬ ਸਤੱਾਰੀ ਕਰ ਰਿਹਾ ਹੈ) ਪਰ ਕਿਯਾਮਤ ਦੇ ਦਿਨ ਜੱਦ ਪੜਦਾ ਦਾਰੀ ਦਾ ਪ੍ਰਕਾਸ਼ ਹੋਵੇਗਾ ਉਸ ਸਮੇਂ ਸਾਰੀ ਹਕੀਕਤ ਖੁੱਲ ਜਾਵੇਗੀ। ਇਸ ਪ੍ਰਕਾਸ਼ ਇਸ ਸਮੇਂ ਬਹੁਤ ਸਾਰੇ ਅਜਿਹੇ ਵੀ ਹੋਂਣਗੇ ਜੋ ਅੱਜ ਵੱਡੇ ਮੁਤੱਕੀ ਤੇ ਪਰਹੇਜ਼ਗਾਰ ਦਿਖਾਈ ਦਿੰਦੇ ਹਨ ਕਿਯਾਮਤ ਦੇ ਦਿਨ ਉਹ ਵੱਡੇ ਪਾਪੀ ਤੇ ਦੁਰਾਚਾਰੀ ਦਿਖਾਈ ਦੇਣਗੇ। ਇਸ ਦਾ ਸਬਬ ਇਹ ਹੈ ਕਿ ਸ਼ੁਭ ਕਰਮ ਆਪਣੀ ਵਿਉਂਤ ਤੇ ਆਖੇ ਅਨੁਸਾਰ ਨਹੀਂ ਹੋ ਸਕਦਾ। ਅਸਲ ਵਿੱਚ ਸ਼ੁਭ ਕਰਮ ਉਹ ਹਨ ਜਿਸ ਵਿੱਚ ਕਿਸੇ ਜੀਵ ਦੀ ਕੋਈ ਖ਼ਰਾਬੀ ਨ ਹੋਵੇ। ਫਿਰ ਅਮਲਾਂ ਦੀ ਲੋੜ ਬਾਰੇ ਆਪ ਫ਼ਰਮਾਉਂਦੇ ਹਨ ਕਿ ਮਨੁੱਖ ਸਮਝਦਾ ਹੈ ਕਿ ਨਿਰਾਂ ਮੂੰਹੋਂ ਕਲਮਾ ਪੜ੍ਹਨਾ ਬਹੁਤ ਹੈ ਜਾਂ ਨਿਰਾ ਅਸਤਗ਼ਫਿਰੁਲੱਾਹ (استغفر الله) ਆਖ ਦੇਣਾ ਬਹੁਤ ਹੈ ਪਰ ਚੇਤੇ ਰੱਖੋ ਨਿਰੀਆਂ ਡੀਂਗਾਂ ਮਾਰਨੀਆਂ ਬਹੁਤ ਨਹੀਂ, ਭਾਵੇਂ ਮਨੁੱਖ ਮੂੰਹੋਂ ਹਜ਼ਾਰਾਂ ਵਾਰੀ ਅਸਤਗ਼ਫਿਰੁਲੱਾਹ (استغفر الله) ਆਖੇ ਭਾਵੇਂ ਸੌ ਵਾਰੀ ਤਸਬੀਹ ਪੜ੍ਹੇ, ਉਸ ਦਾ ਕੋਈ ਲਾਭ ਨਹੀਂ ਹੋਵੇਗਾ ਕਿਉਂਕਿ ਰੱਬ ਨੇ ਮਨੁੱਖ ਨੂੰ ਇਨਸਾਨ ਬਣਾਇਆ ਹੈ ਤੋਤਾ ਨਹੀਂ ਬਣਾਇਆ। ਇਹ ਤੋਤੇ ਦਾ ਕੰਮ ਹੈ ਕਿ ਉਹ ਮੂੰਹੋ ਬੋਲਦਾ ਰਹੇ ਅਤੇ ਸਮਝੇ ਕੁਝ ਵੀ ਨਹੀਂ। ਮਨੁੱਖ ਦਾ ਕੰਮ ਤਾਂ ਇਹ ਹੈ ਕਿ ਜੋ ਮੂੰਹੋਂ ਕਹਿੰਦਾ ਹੈ ਉਸ ਨੂੰ ਸੋਚ ਕੇ ਕਹੇ, ਉਸ ਅਨੁਸਾਰ ਅਮਲ ਵੀ ਕਰੇ। ਫਿਰ ਆਪ ਫ਼ਰਮਾਉਂਦੇ ਹਨ ਕਿ ਚੰਗੀ ਤਰ੍ਹਾਂ ਚੇਤੇ ਰੱਖੋ ਨਿਰੀਆਂ ਡੀਂਗਾਂ ਮਾਰਨੀਆਂ ਤੇ ਮੂੰਹੋਂ ਸ਼ੇਖ਼ੀਆਂ ਬਖੇਰਨ ਦਾ ਕੋਈ ਲਾਭ ਤੇ ਪ੍ਰਭਾਵ ਨਹੀਂ ਹੁੰਦਾ ਜੱਦ ਤੱਕ ਉਸ ਦੇ ਨਾਲ ਅਮਲ (ਕਰਮ) ਨੇ ਹੋਵੇ ਅਤੇ ਹੱਥਾਂ ਪੈਰ੍ਹਾਂ ਤੇ ਹੋਰਨਾ ਅੰਗਾਂ ਤੋਂ ਨੇਕ ਅਮਲ ਨ ਕੀਤੇ ਜਾਣ। ਜਿਵੇਂ ਰੱਬ ਨੇ ਕੁਰਆਨ ਸ਼ਰੀਫ਼ ਭੇਜ ਕੇ ਸਹਾਬਾ ਤੋਂ ਸੇਵਾ ਲਈ। ਕੀ ਉਹਨਾਂ ਨੇ ਕੇਵਲ ਐਨ੍ਹਾ ਹੀ ਬਹੁਤ ਸਮਝਿਆ ਸੀ ਕਿ ਕੁਰਆਨ ਨੂੰ ਮੂੰਹੇ ਪੜ੍ਹ ਲਿਆ ਜਾਂ ਉਸ'ਤੇ ਅਮਲ ਕਰਨਾ ਜ਼ਰੂਰੀ ਸਮਝਿਆ ਸੀ ? ਉਹਨਾਂ ਨੇ ਆਗਿਅਕਾਰੀ ਤੇ ਵਫ਼ਦਾਰੀ ਦਿਖਾਈ ਕਿ ਭੇਡਾਂ ਵਾਂਗ ਮਾਰੇ ਗਏ। ਫਿਰ ਉਹਨਾਂ ਨੇ ਜੋ ਕੁਝ ਪਾਇਆ ਅਤੇ ਰੱਬ ਨੇ ਉਹਨਾਂ ਦੀ ਜਿੰਨ੍ਹੀ ਕਦਰ ਕੀਤੀ ਉਹ ਕੋਈ ਲੁਕੀ ਹੋਈ ਗੱਲ ਨਹੀਂ ਹੈ। ਫ਼ਰਮਾਉਂਦੇ ਹਨ, ਰੱਬ ਦੀ ਮਿਹਰ ਤੇ ਉਸ ਦੇ ਸੋਮੇ ਨੂੰ ਪਾਉਂਣਾ ਚਾਹੁੰਦੇ ਹੋ ਤਾਂ ਕੁਝ ਕਰਕੇ ਦਿਖਾਓ, ਨਹੀਂ ਤਾਂ ਨਿਕੱਮੀ ਸ਼ੈ ਵਾਂਗ ਸੁੱਟ ਦਿੱਤੇ ਜਾਓਗੇ। ਫ਼ਰਮਾਉਂਦੇ ਹਨ ਕੋਈ ਮਨੁੱਖ ਆਪਣੇ ਘਰ ਦੀ ਚੰਗੀ ਸ਼ੈ ਅਤੇ ਸੋਨੇ ਚਾਂਦੀ ਨੂੰ ਬਾਹਰ ਨਹੀਂ ਸੁੱਟ ਦਿੰਦਾ ਸਗੋਂ ਇਹਨਾਂ ਚੀਜਾਂ ਨੂੰ, ਸਾਰੀਆਂ ਕੰਮ ਆਉਣ ਵਾਲੀਆਂ ਬਹੁਮੁੱਲ ਚੀਜਾਂ ਨੂੰ ਸੰਭਾਲ ਕੇ ਰੱਖਦੇ ਹੋ, ਪਰ ਜੇਕਰ ਘਰ ਵਿੱਚ ਚੂਹਾ ਮਰਿਆ ਹੋਇਆ ਦਿਖਾਈ ਦੇਵੇ ਤਾਂ ਉਸਨੂੰ ਸਭ ਤੋਂ ਪਹਿਲਾਂ ਬਾਹਰ ਸੁੱਟ ਦਿਓਗੇ। ਇਸੇ ਪ੍ਰਕਾਰ ਰੱਬ ਆਪਣੇ ਨੇਕ ਬੰਦਿਆਂ ਨੂੰ ਸਦਾ ਮਾਣ ਬਖ਼ਸ਼ਦਾ ਹੈ, ਉਹਨਾਂ ਦੀ ਉਮਰ ਵਧਾਉਂਦਾ ਹੈ ਅਤੇ ਉਹਨਾਂ ਦੇ ਕਾਰੋਬਾਰ ਵਿੱਚ ਬਰਕਤ ਰੱਖ ਦਿੰਦਾ ਹੈ, ਉਹ ਉਹਨਾਂ ਨੂੰ ਨਸ਼ਟ ਨਹੀਂ ਕਰਦਾ ਅਤੇ ਉਹਨਾਂ ਨੂੰ ਬੇਇਜ਼ਤੀ ਦੀ ਮੌਤ ਨਹੀਂ ਮਾਰਦਾ। ਫ਼ਰਮਾਇਆ, ਰੱਬ ਦਾ ਵਲੀ ਬਨਣਾ ਸੌਖਾ ਨਹੀਂ ਸਗੋਂ ਬਹੁਤ ਕਠਿਨ ਹੈ ਕਿਉਂਕਿ ਇਸ ਦੇ ਲਈ ਬਦੀਆਂ ਨੂੰ ਛਡੱਣਾ, ਭੈੜੇ ਨਿਸ਼ਚਿਆਂ ਤੇ ਨੀਤੀਆਂ ਨੂੰ ਤਿਆਗਣਾ ਜ਼ਰੂਰੀ ਹੈ ਅਤੇ ਇਹ ਬਹੁਤ ਕਠਿਨ ਕੰਮ ਹੈ। ਆਚਰਣਕ ਕਮਜ਼ੋਰੀਆਂ ਤੇ ਬਦੀਆਂ ਨੂੰ ਤਿਆਗਣਾ ਕਈ ਵਾਰ ਬਹੁਤ ਹੀ ਔਖਾ ਹੋ ਜਾਂਦਾ ਹੈ। ਇਕ ਖ਼ੂਨੀ ਖ਼ੂਨ ਕਰਨਾ ਛੱਡ ਸਕਦਾ ਹੈ, ਚੋਰ ਚੋਰੀ ਕਰਨਾ ਛੱਡ ਸਕਦਾ ਹੈ ਪਰ ਇਕ ਬਦਇਖ਼ਲਾਕ ਨੂੰ ਗੁੱਸਾ ਛਡੱਣਾ ਮੁਸ਼ਕਲ ਹੋ ਜਾਂਦਾ ਹੈ ਜਾਂ ਹੰਕਾਰੀ ਨੂੰ ਹੰਕਾਰ ਛਡੱਣਾ ਔਖਾ ਹੋ ਜਾਂਦਾ ਹੈ ਕਿਉਂਕਿ ਉਸ ਵਿੱਚ ਜੋ ਦੂਜਿਆਂ ਨੂੰ ਜੋ ਹਕਾਰਤ (ਨੀਚ) ਦੀ ਦ੍ਰਿਸ਼ਟੀ ਨਾਲ ਦੇਖਦਾ ਹੈ ਫਿਰ ਆਪਣੇ ਆਪ ਨੂੰ ਹਕੀਰ (ਨੀਚ) ਸਮਝਦਾ ਹੈ, ਪਰ ਇਹ ਸੱਚ ਹੈ ਕਿ ਜੋ ਰੱਬ ਦੀ ਅਜ਼ਮਤ ਲਈ ਆਪਣੇ ਆਪਨੂੰ ਨੀਵਾਂ ਬਣਾ ਲਏਗਾ ਰੱਬ ਉਸ ਨੂੰ ਆਪ ਵੱਡਾ ਬਣਾ ਦੇਵੇਗਾ। ਇਹ ਅਵਸ਼ ਚੇਤੇ ਰੱਖੋ ਕਿ ਕੋਈ ਵੱਡਾ ਨਹੀਂ ਹੋ ਸਕਦਾ ਜੱਦ ਤੱਕ ਉਹ ਆਪਣੇ ਆਪ ਨੂੰ ਛੋਟਾ ਨ ਬਣਾਏ। ਫਿਰ ਆਪ ਨੇ ਇਕ ਬੈਅਤ ਕਰਨ ਵਾਲੇ ਨੂੰ ਫ਼ਰਮਾਇਆ, ਇਕ ਨਹੀਂ ਸਗੋਂ ਤਿੰਨ ਵਿਅਕਤੀ ਬੈਅਤ ਕਰਨ ਆਏ, ਬੈਅਤ ਦੇ ਬਾਦ ਨਸੀਹਤ ਕੀਤੀ ਕਿ ਮਨੁੱਖ ਨੂੰ ਬੈਅਤ ਕਰਕੇ ਕੇਵਲ ਇਹੋ ਨਹੀਂ ਮਨ੍ਹਣਾ ਚਾਹੀਦਾ ਹੈ ਕਿ ਇਹ ਜਮਾਤ ਸੱਚੀ ਹੈ, ਅਤੇ ਇੰਨ੍ਹਾ ਮਨ੍ਹਣ ਨਾਲ ਉਸਨੂੰ ਬਰਕਤ ਹੁੰਦੀ ਹੈ।

ਫ਼ਰਮਾਇਆ, ਕੇਵਲ ਮਨ੍ਹਣ ਨਾਲ ਰੱਬ ਖ਼ੁਸ਼ ਨਹੀਂ ਹੁੰਦਾ, ਜੱਦ ਤੱਕ ਅਮਲ ਚੰਗੇ ਨ ਹੋਣ । ਜਤਨ ਕਰੋ ਕਿ ਜੱਦ ਇਸ ਜਮਾਤ ਵਿੱਚ ਦਾਖ਼ਲ ਹੋਏ ਹੋ ਤਾਂ ਨੇਕ ਤੇ ਮੁਤੱਕੀ (ਸੰਜਮ) ਬਣੋ, ਹਰ ਇਕ ਬਦੀ ਤੋਂ ਬਚੋ, ਇਹ ਸਮਾਂ ਦੁਆਵਾਂ ਨਾਲ ਬਤੀਤ ਕਰੋ । ਦਿਨ ਰਾਤ ਚਿੰਤਨ ਵਿੱਚ ਲੱਗੇ ਰਹੋ, ਜੱਦ ਮੁਸੀਬਤਾਂ ਦਾ ਸਮਾਂ ਹੁੰਦਾ ਹੈ, ਉਸ ਸਮੇਂ ਰੱਬ ਦਾ ਗ਼ਜ਼ਬ ਵੀ ਭੜਕਿਆ ਹੋਇਆ ਹੁੰਦਾ ਹੈ । ਅਜਿਹੇ ਸਮੇਂ ਦੁਆ, ਚਿੰਤਨ, ਸਦਕਾ (ਦਾਨ), ਖ਼ੈਰਾਤ ਕਰੋ । ਬੋਲੀ ਨਰਮ ਰੱਖੋ । ਇਸਤਗ਼ਫ਼ਾਰ ਨੂੰ ਆਪਣੀ ਦਿਨਚਰਿਆ ਬਣਾਓ । ਨਮਾਜ਼ਾਂ ਵਿੱਚ ਦੁਆਵਾਂ ਕਰੋ । ਨਿਰਾ ਮਨ੍ਹ ਲੈਣਾ ਮਨੁੱਖ ਦੇ ਕਿਸੇ ਕੰਮ ਨਹੀਂ ਆਉਂਦਾ । ਜੇਕਰ ਮਨੁੱਖ ਮਨ੍ਹਕੇ ਫਿਰ ਉਸ ਨੂੰ ਪਿਛਾਂਹ ਸੁੱਟ ਦੇਵੇ ਤਾਂ ਉਸ ਨੂੰ ਕੋਈ ਲਾਭ ਨਹੀਂ ਹੁੰਦਾ । ਫਿਰ ਇਸ ਦੇ ਬਾਦ ਇਹ ਸ਼ਿਕਾਇਤ ਕਰਨੀ ਕਿ ਬੈਅਤ ਕਰਕੇ ਕੋਈ ਲਾਭ ਨਹੀਂ ਹੋਇਆ, ਵਿਅਰਥ ਹੈ । ਰੱਬ ਕੇਵਲ ਗੱਲਾਂ ਰਾਹੀਂ ਰਾਜ਼ੀ ਨਹੀਂ ਹੁੰਦਾ । ਫਿਰ ਸ਼ੁਭ ਕਰਮਾ ਵੱਲ ਧਿਆਨ ਦੁਆਉਂਦਿਆਂ ਹੋਇਆਂ ਆਪ ਨੇ ਫ਼ਰਮਾਇਆ ਕਿ ਸਮਝ ਲਓ ਕਿ ਜੱਦ ਤੱਕ ਚੰਗੇ ਕਰਮ ਨ ਹੋਣ ਕੇਵਲ ਮਨ੍ਹਣਾ ਕੋਈ ਲਾਭ ਨਹੀਂ ਦਿੰਦਾ । ਇਕ ਵੈਦ ਨੁਸਖ਼ਾ ਲਿੱਖ ਕੇ ਦਿੰਦਾ ਹੈ ਤਾਂ ਉਸਦਾ ਇਹ ਅਰਥ ਹੁੰਦਾ ਹੈ ਕਿ ਜੋ ਇਸ ਵਿੱਚ ਲਿੱਖਿਆ ਹੈ ਉਸਨੂੰ ਲੈਕੇ ਵਰਤੇ । ਜੇ ਕਰ ਉਹ ਉਸ ਨੁਸਖੇ ਨੂੰ ਨ ਵਰਤੇ ਅਤੇ ਨੁਸਖ਼ਾ ਲੈਕੇ ਰੱਖ ਛੱਡੇ ਤਾਂ ਉਸ ਦਾ ਕੀ ਲਾਭ ਹੋਵੇਗਾ । ਫ਼ਰਮਾਇਆ ਕਿ ਹੁਣ ਇਸ ਸਮੇਂ ਤੁਸੀਂ ਧਿਆਨ ਦਿੱਤਾ ਹੈ, ਹੁਣ ਭਵਿੱਖ ਵਿੱਚ ਰੱਬ ਇਹ ਦੇਖਣਾ ਚਾਹੁੰਦਾ ਹੈ ਕਿ ਤੁਸੀਂ ਇਸ ਤੌਬਾ (ਪਸ਼ਚਾਤਾਪ) ਨਾਲ ਆਪਣੇ ਆਪ ਨੂੰ ਕਿਨ੍ਹਾ ਕੁ ਸਾਫ਼ ਕੀਤਾ ਹੈ । ਹੁਣ ਸਮਾਂ ਹੈ ਕਿ ਰੱਬ ਸੰਜਮਤਾ ਰਾਹੀਂ ਅੰਤਰ ਕਰਨਾ ਚਾਹੁੰਦਾ ਹੈ । ਬਹੁਤ ਲੋਕ ਹਨ ਜੋ ਰੱਬ'ਤੇ ਸੰਦੇਹ ਪ੍ਰਕਟ ਕਰਦੇ ਹਨ ਅਤੇ ਆਪਣੇ ਨਫ਼ਸ ਨੂੰ ਨਹੀਂ ਦੇਖਦੇ । ਮਨੁੱਖ ਦੇ ਆਪਣੇ ਨਫ਼ਸ ਦੇ ਜ਼ੁਲਮ ਹੀ ਹੁੰਦੇ ਹਨ, ਨਹੀਂ ਤਾਂ ਰੱਬ ਅਤਿਅੰਤ ਰਹਿਮ ਕਰਨ ਵਾਲਾ ਤੇ ਮਿਹਰ ਕਰਨ ਵਾਲਾ ਹੈ । ਫਿਰ ਇਕ ਹੋਰ ਥਾਂ ਆਪ ਫ਼ਰਮਾਉਂਦੇ ਹਨ ਕਿ ਉਹ ਜੋ ਇਸ ਜਮਾਤ ਵਿੱਚ ਦਾਖ਼ਲ ਹੋਕੇ ਮੇਰੇ ਨਾਲ ਸੰਬੰਧ ਆਸਥਾ ਤੇ ਮੁਰੀਦੀ ਦਾ ਰੱਖਦੇ ਹਨ, ਇਸ ਤੋਂ ਭਾਵ ਇਹ ਹੈ ਕਿ ਉਹ ਨੇਕ ਚਲਨੀ, ਨੇਕ ਨੀਤੀ ਤੇ ਤਕਵਾ (ਸੰਜਮਤਾ) ਤੇ ਉਚੱਤਮ ਦਰਜਿਆਂ ਤੱਕ ਪਹੁੰਚ ਜਾਣ ਅਤੇ ਕੋਈ ਖਰਾਬੀ, ਦੋਸ਼ ਤੇ ਬਦਚਲਨੀ ਉਹਨਾਂ ਦੇ ਨੇੜੇ ਨ ਆ ਸਕੇ । ਉਹ ਪੰਜ ਵੇਲੇ ਦੀਆਂ ਨਮਾਜ਼ਾਂ ਦੇ ਪਾਬੰਦ ਹੋਣ, ਉਹ ਝੂਠ ਨ ਬੋਲਣ, ਉਹ ਕਿਸੇ ਨੂੰ ਮੂੰਹੋਂ ਜਾਂ ਕਿਸੇ ਹੋਰ ਢੰਗ ਨਾਲ ਕਿਸੇ ਨੂੰ ਕਸ਼ਟ ਨ ਪਹੁੰਚਾਉਣ, ਉਹ ਕਿਸੇ ਪ੍ਰਕਾਰ ਦੀ ਬਦਕਾਰੀ ਦੇ ਪਾਤਰ ਨ ਹੋਣ, ਕਿਸੇ ਵਿਕਾਰ; ਜ਼ੁਲਮ; ਖਰਾਬੀ ਤੇ ਫ਼ਸਾਦ ਦਾ ਵਿਚਾਰ ਵੀ ਉਹਨਾਂ ਦੇ ਮਨ ਵਿੱਚ ਨ ਆਵੇ । ਭਾਵ ਇਹ ਕਿ ਹਰ ਪ੍ਰਕਾਰ ਦੀ ਬੁਰਾਈ, ਜੁਰਮ, ਕੁਬੋਲਾਂ, ਨਫ਼ਸਾਨੀ ਜਜ਼ਬਿਆਂ ਅਤੇ ਅਜਾਈਂ ਹਰਕਤਾਂ ਤੋਂ ਬਚਦੇ ਰਹਿਣਗੇ ਅਤੇ ਰੱਬ ਦੇ ਪਾਕ ਦਿਲ, ਨਿਰਲੇਪ ਤੇ ਨਿਤਾਣੇ ਬੰਦੇ ਬਣ ਜਾਣਗੇ । ਕੋਈ ਵਿਸ਼ੈਲਾ ਮਾਦਾ ਉਹਨਾਂ ਦੇ ਵੁਜੂਦ ਵਿੱਚ ਨ ਰਹੇ ।

ਸੋ, ਇਹ ਉਹ ਨਸੀਹਤਾਂ ਹਨ ਜੋ ਸਾਨੂੰ ਹਰ ਸਮੇਂ ਆਪਣੇ ਸਾਹਮਣੇ ਰੱਖਣ ਦੀ ਲੋੜ ਹੈ । ਇਹੋ ਉਹ ਗੱਲਾਂ ਹਨ ਜੋ ਸਾਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਹਰੇ ਭਰੇ ਰੁੱਖ ਦੀਆਂ ਹਰੀਆਂ ਭਰੀਆਂ ਟਾਹਣੀਆਂ ਬਨਾਉਣਗੀਆਂ । ਇਸੇ ਨਾਲ ਸਾਡੀ ਬੈਅਤ ਦਾ ਪ੍ਰਣ ਤੇ ਬੈਐਤ ਦਾ ਉਦੇਸ਼ ਵੀ ਪੂਰਾ ਹੋਵੇਗਾ । ਇਹੋ ਉਹ ਗੱਲਾਂ ਹਨ ਜੋ ਸਾਨੂੰ ਰੱਬ ਦਾ ਸਨੇਹ ਪ੍ਰਾਪਤ ਕਰਨ ਵਾਲਾ ਵੀ ਬਨਾਉਣਗੀਆਂ । ਅਤੇ ਇਹਨਾਂ ਹੀ ਸ਼ੁਭ ਅਮਲਾਂ ਰਾਹੀਂ ਅਸੀਂ ਦੁਨੀਆ ਨੂੰ ਆਪਣੀ ਵੱਲ ਆਕ੍ਰਸ਼ਤ ਕਰਨ ਵਾਲਾ ਬਣ ਸਕਾਂਗੇ । ਅਲੱਾਹ ਤਆਲਾ ਸਾਨੂੰ ਉਹਨਾਂ ਹਕੀਕੀ ਮੋਮਿਨਾਂ ਵਿੱਚ ਬਣਾਵੇ ਜੋ ਈਮਾਨ ਅਤੇ ਚੰਗੇ ਅਮਲਾਂ ਕਰਕੇ ਜਾਣੇ ਜਾਂਦੇ ਹਨ । ਅਤੇ ਰੱਬ ਦੀ ਨੇੜਤਾ ਪਾਉਣ ਵਾਲੇ ਹੁੰਦੇ ਹਨ ।

Khulasa Khutba 19.09.2014
Delivered By :
Hadhrat Khalifatul Masih Vth (atba)
Summarized by:
Majlis Ansarullah Bharat
Tarnslated by :
Shamshad Ahmad Eden
for Punjabi desk

From : Nazarat Nashr-o-Isha'at
Qadian-143516,
Distt. Gurdaspur, Punjab (INDIA)